Punjabi | ਪੰਜਾਬੀ

GOVERNMENT OF WESTERN AUSTRALIA

Department of Local Government, Industry Regulation and Safety

WorkSafe Western Australia

# ਕੰਮ ਵਾਲੀ ਥਾਂ 'ਤੇ ਹਾਨੀਕਾਰਕ ਪਦਾਰਥਾਂ ਦੇ ਸੰਪਰਕ ਵਿੱਚ ਆਉਣ ਦੀਆਂ ਸੀਮਾਵਾਂ ਦੀ ਪਾਲਣਾ ਕਰਨ ਲਈ ਰੁਜ਼ਗਾਰਦਾਤਾਵਾਂ ਲਈ ਮੁੱਖ ਸੁਝਾਅ

## 01

### ਖ਼ਤਰਾ ਪ੍ਰਬੰਧਨ ਤਰੀਕੇ ਦੀ ਵਰਤੋਂ ਕਰੋ

ਤੁਹਾਨੂੰ **ਲਾਜ਼ਮੀ ਤੌਰ 'ਤੇ** ਕੰਮ ਵਾਲੀ ਥਾਂ 'ਤੇ ਹਵਾ ਵਿੱਚ ਮੌਜੂਦ ਪ੍ਰਦੂਸ਼ਕਾਂ ਨੂੰ ਜਿੱਥੋਂ ਤੱਕ ਵਾਜਬ ਤੌਰ 'ਤੇ ਸੰਭਵ ਹੋਵੇ ਖ਼ਤਮ ਜਾਂ ਘੱਟ ਕਰਨਾ ਚਾਹੀਦਾ ਹੈ।

## 02

### ਉੱਚ ਪੱਧਰੀ ਨਿਯੰਤਰਣ ਉਪਾਵਾਂ ਨੂੰ ਤਰਜੀਹ ਦਿਓ

ਤੁਸੀਂ ਹਵਾ ਵਿੱਚ ਮੌਜੂਦ ਪ੍ਰਦੂਸ਼ਕਾਂ ਦੇ ਖ਼ਤਰੇ ਨੂੰ ਉਹਨਾਂ ਪ੍ਰਕਿਰਿਆਵਾਂ ਜਾਂ ਸਮੱਗਰੀਆਂ ਨੂੰ ਹਟਾ ਕੇ ਖ਼ਤਮ ਕਰ ਸਕਦੇ ਹੋ, ਜੋ ਸਭ ਤੋਂ ਪਹਿਲਾਂ ਖ਼ਤਰਨਾਕ ਪਦਾਰਥ ਪੈਦਾ ਕਰ ਰਹੀਆਂ ਹਨ।

## 03

### ਸੁਰੱਖਿਆ ਡਾਟਾ ਸ਼ੀਟਾਂ (SDS) ਦੀ ਸਮੀਖਿਆ ਕਰੋ

ਸੁਰੱਖਿਆ ਡਾਟਾ ਸ਼ੀਟ (SDS) ਵਿੱਚ ਦਿੱਤੀ ਜਾਣਕਾਰੀ ਅਤੇ ਹਿਦਾਇਤਾਂ ਨੂੰ **ਪੜ੍ਹਨਾ**, **ਸਮਝਣਾ** ਅਤੇ ਉਨ੍ਹਾਂ ਦੀ **ਪਾਲਣਾ** ਕਰਨਾ ਕੰਮ ਵਾਲੀ ਥਾਂ 'ਤੇ ਖ਼ਤਰਨਾਕ ਰਸਾਇਣਾਂ ਦੀ ਸੁਰੱਖਿਅਤ ਵਰਤੋਂ ਲਈ ਮਹੱਤਵਪੂਰਨ ਹੈ।

## 04

### ਨਿਯਮਿਤ ਤੌਰ 'ਤੇ ਹਵਾ ਜਾਂਚ ਦਾ ਪ੍ਰਬੰਧ ਕਰੋ

ਜੇਕਰ ਤੁਹਾਨੂੰ ਇਹ ਯਕੀਨ ਨਹੀਂ ਹੈ ਕਿ ਕਿਸੇ ਪਦਾਰਥ ਦੀ ਮਾਤਰਾ ਨਿਰਧਾਰਤ ਸੀਮਾਵਾਂ ਤੋਂ ਵੱਧ ਹੈ ਜਾਂ ਨਹੀਂ, ਜਾਂ ਇਹ ਜਾਣਨਾ ਲਾਜ਼ਮੀ ਹੈ ਕਿ ਸਿਹਤ ਲਈ ਕੋਈ ਖ਼ਤਰਾ ਹੈ ਜਾਂ ਨਹੀਂ, ਤਾਂ ਤੁਹਾਨੂੰ ਹਵਾ ਦੀ ਜਾਂਚ ਕਰਵਾਉਣੀ ਲਾਜ਼ਮੀ ਹੈ। ਹਵਾ ਦੀ ਜਾਂਚ ਕਿਸੇ ਯੋਗਤਾ ਪ੍ਰਾਪਤ ਵਿਅਕਤੀ, ਜਿਵੇਂ ਕਿ ਕਿੱਤਾਮੁਖੀ ਸਫ਼ਾਈ ਮਾਹਰ, ਵੱਲੋਂ ਕੀਤੀ ਜਾਣੀ ਚਾਹੀਦੀ ਹੈ।

## 05

### ਜੇਕਰ ਲੋੜ ਹੋਵੇ, ਤਾਂ ਢੁੱਕਵੇਂ RPE/PPE ਉਪਲਬਧ ਕਰਵਾਓ

ਤੁਹਾਨੂੰ ਨਿੱਜੀ ਅਤੇ ਸਾਹ ਸੰਬੰਧੀ ਸੁਰੱਖਿਆ ਉਪਕਰਨਾਂ ਦੀ ਵਰਤੋਂ ਅਤੇ ਰੱਖ-ਰਖਾਅ ਬਾਰੇ ਸਿਖਲਾਈ ਵੀ ਦੇਣੀ ਚਾਹੀਦੀ ਹੈ, ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੇ ਕਰਮਚਾਰੀ ਇਸਦੀ ਸਹੀ ਵਰਤੋਂ ਕਰ ਰਹੇ ਹਨ।

WES >> WEL

ਹੋਰ ਜਾਣਨ ਲਈ ਇਸ QR ਕੋਡ ਨੂੰ ਸਕੈਨ ਕਰੋ, ਜਾਂ **www.worksafe.wa.gov.au/airborne-contaminants** 'ਤੇ ਜਾਓ।

WSApr26_1584G